ਸਤ੍ਯਪਾਲ ਗੌਤਮ

# ਮਾਂ ਬੋਲੀ ਸਿਮਰਦਿਆਂ




21 ਦਸੰਬਰ 1997: ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੇ ਲਾਇਬਰੇਰੀ ਦੇ ਸੈਮੀਨਾਰ ਰੂਮ ਚ ਅਮਰਜੀਤ ਚੰਦਨ ਦਾ ਕਵਿਤਾ ਪਾਠ। ਬਹੁਤ ਥੋਹੜੇ ਸਮੇਂ ਚ ਹੀ ਸੌ ਤੋਂ ਵਧ ਸਰੋਤੇ ਹਾਜ਼ਿਰ ਸਨ। ਜੜ੍ਹਾਂ ਤੇ ਬੀਜਕ ਦੇ ਰਚਨਹਾਰ ਵਲਾਇਤੋਂ-ਪਰਤੇ ਚੰਦਨ ਨੂੰ ਮਿਲਣ ਤੇ ਸੁਣਨ ਲਈ ਚੰਡੀਗੜ੍ਹ ਦੇ ਲੇਖਕ, ਰੰਗਕਰਮੀ, ਕਲਾਕਾਰ, ਅਧਿਆਪਕ, ਸਾਹਿਤ ਦੇ ਵਿਦਿਆਰਥੀ ਅਤੇ ਪਤ੍ਰਕਾਰ ਬੜੇ ਚਾਅ ਨਾਲ਼ ਜੁੜੇ ਸਨ। ਕਿਸੇ ਨੇ ਚੰਡੀਗੜ੍ਹ ਵਿਚ ਕਵਿਤਾ ਪਾਠ ਦੇ ਮੌਕੇ ’ਤੇ ਕਦੇ ਏਨਾ ਵੱਡਾ ਇਕੱਠ ਨਹੀਂ ਸੀ ਦੇਖਿਆ। ਇਹ ਜੜ੍ਹਾਂ ਤੇ ਬੀਜਕ ਦੀਆਂ ਕਵਿਤਾਵਾਂ ਲਈ ਪ੍ਰਸ਼ੰਸਾ, ਘਰ ਆਏ ਕਵੀ ਤਾਈਂ ਸਤਿਕਾਰ ਤੇ ਸ਼ੁਕਰਾਨੇ ਦਾ ਇਜ਼ਹਾਰ ਸੀ।

ਕਮਰਾ ਖਚਾਖਚ ਭਰਿਆ ਹੋਇਆ ਸੀ। ਨੀਵੀਂ ਛੱਤ ਵਾਲ਼ੇ ਕਮਰੇ ਚ ਬੈਠਣ ਜਾਂ ਖੜ੍ਹੇ ਹੋਣ ਜੋਗੀ ਹੋਰ ਥਾਂ ਨਹੀਂ ਸੀ। ਚੰਦਨ ਨੇ ਇਸ ਨਿਘ ਭਰੇ ਮਾਹੌਲ ਚ ਅਪਣੀਆਂ ਨਵੀਆਂ ਕਵਿਤਾਵਾਂ ਦਾ ਪਾਠ ਇਹ ਆਖਦਿਆਂ ਸ਼ੁਰੂ ਕੀਤਾ ਕਿ ਇਹ ਉਹਦੀ ਆਉਣ ਵਾਲ਼ੀ ਕਿਤਾਬ *ਛੰਨਾ* ਚੋਂ ਨੇ। ਉਹ ਅਪਣੀ ਬੁਲੰਦ ਆਵਾਜ਼ ਵਿਚ ਹਰ ਕਵਿਤਾ ਦੇ ਭਾਵਾਂ ਨਾਲ਼ ਝੂਮਦਾ ਬੋਲ ਰਿਹਾ ਸੀ। ਉਹਨੇ ਸਰੋਤੇ ਕੀਲ ਲਏ ਸਨ। ਵਿਚਕਾਰੇ ਕੀਤੇ ਨੁਕਲ-ਪਾਣੀ ਮਗਰੋਂ ਉਹਨੇ *ਜੜ੍ਹਾਂ* ਤੇ *ਬੀਜਕ* ਚੋਂ ਵੀ ਕੁਛ ਕਵਿਤਾਵਾਂ ਸੁਣਾਈਆਂ ਤੇ ਪਹਿਲਾਂ ਪੜ੍ਹੀਆਂ ਚੋਂ ਸਰੋਤਿਆਂ ਦੇ ਫ਼ਰਮਾਇਸ਼ ਕਰਨ ’ਤੇ ਮੁੜ ਵਾਚੀਆਂ।

ਪਾਠ ਦੇ ਬਾਅਦ ਕਵੀ ਨਾਲ਼ ਸੰਵਾਦ ਦਾ ਮੌਕਾ ਸੀ। ਕੁਛ ਦੇਰ ਤਾਂ ਚੁੱਪ ਛਾਈ ਰਹੀ – ਹੈਰਾਨੀ ਤੇ ਸ਼ਲਾਘਾ ਦੀ ਚੁੱਪ। ਫੇਰ ਕਿਸੇ ਨੇ ਸ਼ਰਾਰਤੀ ਸਵਾਲ ਪੁੱਛਿਆ: “ਪਹਿਲਾਂ ਤੁਹਾਡੀ ਕਵਿਤਾ ਸਪੱਸ਼ਟ ਕਰਾਂਤੀਕਾਰੀ ਹੁੰਦੀ ਸੀ ਤੇ ਹੁਣ ਰਹੱਸਵਾਦੀ ਹੋ ਗਈ ਏ। ਇਹ ਚਮਤਕਾਰ ਕਿਵੇਂ ਹੋਇਆ?” ਚੰਦਨ ਨੇ ਬੜੀ ਹਲੀਮੀ ਨਾਲ਼, ਜਿਹੜੀ ਉਹਦੇ ਸੁਭਾਅ ਨਾਲ਼ ਪਹਿਲਾਂ ਜੋੜੀ ਨਹੀਂ ਸੀ ਜਾਂਦੀ, ਹੱਸਦਿਆਂ ਕਿਹਾ ਸੀ: “ਜਿਹਨੂੰ ਤੁਸੀਂ ਚਮਤਕਾਰ ਕਿਹਾ ਹੈ, ਮੈਂ ਵੀ ਉਹਨੂੰ ਚਮਤਕਾਰ ਹੀ ਮੰਨਦਾ ਹਾਂ।” ਮੈਂ ਤੋਂ ਰਿਹਾ ਨਹੀਂ ਗਿਆ। ਮੈਂ ਉਠ ਕੇ ਕਿਹਾ: “ਚਮਤਕਾਰ ਹੈ ਜਾਂ ਨਹੀਂ। ਅਸਲ ਗੱਲ ਸਵਾਲ ਪੁੱਛਣ ਵਾਲ਼ੇ ਨੇ ਅਚਨਚੇਤ ਆਪ ਹੀ ਸਪੱਸ਼ਟ ਕਰ ਦਿੱਤੀ ਹੈ। ਚੰਦਨ ਦੀ ਕਵਿਤਾ ਪਹਿਲਾਂ ਵੀ ਸਪੱਸ਼ਟ ਸੀ, ਹੁਣ ਵੀ ਸਪੱਸ਼ਟ ਹੈ; ਫ਼ਰਕ ਸਿਰਫ਼ ਏਨਾ ਹੈ ਕਿ ਚੰਦਨ ਪਹਿਲਾਂ ਕਰਾਂਤੀਕਾਰਿਤਾ ਬਾਰੇ ਸਪੱਸ਼ਟ ਸੀ ਤੇ ਹੁਣ ਉਹ ਦੁਨੀਆ ਦੀ, ਜ਼ਿੰਦਗੀ ਦੀ ਰਹੱਸਯਮਯਤਾ ਬਾਰੇ ਸਪੱਸ਼ਟ ਹੈ!”

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਕ ਸਪੱਸ਼ਟਤਾ ਤੋਂ ਦੂਜੀ ਸਪੱਸ਼ਟਤਾ ਤਕ ਦੀ ਇਹ ਯਾਤਰਾ ਬੜੀ ਔਖੀ ਤੇ ਲੰਬੀ ਯਾਤਰਾ ਹੈ। ਚੰਦਨ ਦੀ ਅਜੋਕੀ ਕਵਿਤਾ, ਇਸ ਸਦੀ ਦੇ ਆਖ਼ਿਰੀ ਦਹਾਕੇ ਚ ਲਿਖੀ ਕਵਿਤਾ, ਮੇਰੀ ਨਜ਼ਰ ਚ ਉਸ ਚੰਦਨ ਦੀ ਲੰਬੀ ਯਾਤਰਾ ਦਾ ਬਿਆਨ ਹੈ, ਜਿਸ ਚੰਦਨ ਨਾਲ਼ ਮੇਰੀ ਸਿਆਣ ਤੇ ਦੋਸਤੀ 1968-69 ਦੇ ਦਿਨੀਂ ਜਲੰਧਰ ਦੇ ਕਾਫ਼ੀ ਹਾਉਸ ਚ ਹੋਈ ਸੀ। ਉਹਨੀਂ ਦਿਨੀਂ ਸਿਰਫ਼ ਪੰਜਾਬ ਚ ਹੀ ਨਹੀਂ, ਇੰਜ ਲਗਦਾ ਸੀ, ਜਿਵੇਂ ਦੁਨੀਆ ਭਰ ਦੇ ਨੌਜਵਾਨ

ਪੁਰਾਣੀ ਦੁਨੀਆ ਨੂੰ ਬਦਲ ਕੇ ਨਵੀਂ ਦੁਨੀਆ ਸਿਰਜਣ ਲਈ ਸਰਗਰਮ ਹਨ। ਬਸ ਆਖ਼ਿਰੀ ਹੰਭਲਾ ਮਾਰਨ ਦੀ ਲੋੜ ਲਗਦੀ ਸੀ। ਪਰ ਸਾਨੂੰ ਇਹ ਸਮਝ ਨਹੀਂ ਸੀ ਕਿ ਨਵੀਂ ਦੁਨੀਆ ਦੀ ਸਿਰਜਣਾ ਕਿਸੇ ਹੋਰ ਜ਼ਮੀਨ 'ਤੇ ਨਹੀਂ, ਏਸੇ ਜ਼ਮੀਨ 'ਤੇ ਹੋਣੀ ਹੈ। ਅਸੀਂ ਅਪਣੀ ਜ਼ਮੀਨ ਤੋਂ ਉੱਖੜੇ ਹੋਏ ਸੀ। ਆਧੁਨਿਕ ਚਿੰਤਨ ਦੀਆਂ ਮਾਨਵ-ਕੇਂਦ੍ਰਿਤ ਵਿਚਾਰਧਾਰਾਵਾਂ ਦੇ ਅਮੂਰਤ ਸਿਧਾਂਤਾਂ ਤੇ ਆਦਰਸ਼ਾਂ ਤੋਂ ਅਸੀਂ ਏਨੇ ਪ੍ਰਭਾਵਿਤ ਸੀ ਕਿ ਅਪਣੀ ਵਿਰਾਸਤ ਨੂੰ ਸਮਝਣ ਤੇ ਸਾਂਭਣ ਦੀ ਥਾਂ ਉਹਨੂੰ ਨਕਾਰਨਾ ਹੀ ਵੱਡਾ ਇਨਕਲਾਬੀ ਕਰਮ ਲਗਦਾ ਸੀ।

ਨਕਸਲੀ ਲਹਿਰ ਲੋਕ ਲਹਿਰ ਨਾ ਬਣ ਸਕੀ। ਜੋ ਕੁਝ ਸਾਨੂੰ ਸੱਚ ਜਾਪਦਾ ਸੀ - ਪੂਰੇ ਦਾ ਪੂਰਾ ਸੱਚ - ਉਸ 'ਤੇ ਸਵਾਲੀਆ ਨਿਸ਼ਾਨ ਲੱਗਣ ਲੱਗੇ। ਕਿਤੇ ਨਾ ਕਿਤੇ ਕੋਈ ਕਸਰ ਜ਼ਰੂਰ ਸੀ। ਜਿਹੜੀ ਸਵੈ-ਪਛਾਣ ਅਸੀਂ ਅਪਣੇ ਪੁਰਖਿਆਂ, ਰਸਮਾਂ ਰਿਵਾਜਾਂ, ਪਰੰਪਰਾਵਾਂ, ਪਹਿਨਾਵੇ ਤੇ ਮੁਹਾਵਰੇ ਨਾਲ਼ ਵੈਰ ਸਹੇੜ ਕੇ ਬਣਾਈ ਸੀ, ਉਸ ਪਛਾਣ ਦੇ ਸਹੀ ਹੋਣ ਬਾਰੇ ਸ਼ੱਕ ਹੋਣ ਲੱਗਾ। ਸਾਡੇ ਅੰਦਰ ਚਲ ਰਿਹਾ ਨਿਰੰਤਰ ਮੰਥਨ ਅਪਣੇ ਆਤਮ-ਵਿਰੋਧਾਂ ਦਾ ਇਜੇਹਾ ਸੰਘਰਸ਼ ਸੀ, ਜਿਸਨੇ ਕਈਆਂ ਨੂੰ ਤਾਂ ਗੁੰਗੇ ਹੀ ਕਰ ਦਿੱਤਾ।

ਮਨੁੱਖੀ ਸਵੈ ਦੇ ਹਮੇਸ਼ਾ ਦੋ ਮੁੱਖੜੇ ਰਹੇ ਹਨ। ਨਿਤ ਦੀ ਜ਼ਿੰਦਗੀ ਦਾ ਸਵੈ ਤੇ ਸਦੀਵੀ ਸਵੈ। ਨਿਤ ਦਾ ਸਵੈ ਜ਼ਿੰਦਗੀ ਦੀਆਂ ਫ਼ੌਰੀ ਲੋੜਾਂ, ਉਮੰਗਾਂ, ਸੰਸਿਆਂ ਨਾਲ਼ ਲਗਾਤਾਰ ਉਲ਼ਝਿਆ ਰਹਿੰਦਾ ਹੈ। ਸਦੀਵੀ ਸਵੈ ਨਿਤ ਦੇ ਸਵੈ ਦੀਆਂ ਕਾਰਗੁਜ਼ਾਰੀਆਂ ਨੂੰ ਵਿਚਾਰਦਾ, ਤੋਲਦਾ ਤੇ ਦਿਸ਼ਾ ਦਿੰਦਾ ਹੈ। ਸਾਡਾ ਸਦੀਵੀ ਸਵੈ ਇਨਕਲਾਬੀ ਲਹਿਰ ਦੇ ਸੰਕਟ ਨੂੰ ਝਲ ਨਾ ਸਕਣ ਕਾਰਣ ਆਪ ਹੀ ਡੂੰਘੇ ਸੰਕਟ ਦਾ ਸ਼ਿਕਾਰ ਹੋ ਗਿਆ ਸੀ। ਉਹ ਦਿਨ ਬੜੇ ਔਖੇ ਸਨ। ਇਸ ਹਾਲਤ ਵਿਚ ਚੰਦਨ ਨੇ ਅੰਦਰਲੇ ਸੰਘਰਸ਼ ਦੇ ਨਾਲ਼ ਨਾਲ਼ ਦੂਜੀ ਯਾਤਰਾ ਕਰਨ ਦਾ ਫ਼ੈਸਲਾ ਕੀਤਾ। ਅਪਣੇ ਵਤਨ ਚ ਹੁੰਦਿਆਂ ਹੋਇਆਂ ਵੀ ਪਹਿਲਾਂ ਤੋਂ ਹੀ ਬੇਵਤਨੇ ਨੇ ਬੇਵਤਨੀ ਦਾ ਰਾਹ ਫੜਿਆ।

ਚੰਦਨ ਦੀ ਪਹਿਲਾਂ ਦੀ ਕਵਿਤਾ ਮਾਨਸਿਕ ਯਾਤਰਾ ਦੀ ਕਵਿਤਾ ਸੀ। ਚੇਤਨਾ ਦੀ ਉਸ ਯਾਤਰਾ ਦੀ ਕਵਿਤਾ ਸੀ, ਜਿਸ ਵਿਚ ਅਸੀਂ ਕਲਪਨਾ ਵਿਚ ਇਕ ਕਾਲ ਤੋਂ ਦੂਜੇ ਕਾਲ, ਇਕ ਦ੍ਰਿਸ਼ਟੀ ਤੋਂ ਦੂਜੀ ਦ੍ਰਿਸ਼ਟੀ ਦਾ ਪੈਂਡਾ ਤੈਅ ਕਰਦੇ ਹਾਂ। ਭੂਗੋਲਿਕ ਯਾਤਰਾ ਨੇ ਚੰਦਨ ਦੀ ਮਾਨਸਿਕ ਯਾਤਰਾ ਲਈ ਨਵਾਂ ਮਾਹੌਲ ਤੇ ਨਵਾਂ ਅਨੁਭਵ ਦਿੱਤਾ। ਇਸ ਮਾਹੌਲ ਵਿਚ ਚੰਦਨ ਦਾ ਰਿਸ਼ਤਾ ਅਪਣੇ ਪਿਛੋਕੜ, ਸੰਸਕ੍ਰਿਤੀ ਤੇ ਬੋਲੀ ਨਾਲ਼ ਓਹੀ ਨਹੀਂ ਰਿਹਾ; ਜੋ ਵਤਨ ਚ ਰਹਿੰਦਿਆਂ ਮਾਨਸਿਕ ਬੇਵਤਨੀ ਦੇ ਮਾਹੌਲ ਵਿਚ ਸੀ। ਜਿਹੜੀ ਬੋਲੀ - ਮਾਂ ਬੋਲੀ ਪੰਜਾਬੀ - ਅਸੀਂ ਰੋਜ਼ ਸੋਚਦੇ, ਬੋਲਦੇ, ਸੁਣਦੇ ਹਾਂ; ਹੁਣ ਉਹ ਬੋਲੀ ਸਿਮਰਤੀ ਤੇ ਕਲਪਨਾ ਵਿਚ ਤਾਂ ਸੀ, ਪਰ ਨਿਤ ਦੀ ਜ਼ਿੰਦਗੀ ਦੇ ਕਾਰਵਿਹਾਰ ਵਿੱਚੋਂ ਗ਼ਾਇਬ ਸੀ। (*ਬੀਜਕ* ਵਾਲ਼ੀ ਕਵਿਤਾ **ਤੁਫ਼ੈਲ ਨਿਆਜ਼ੀ ਨੂੰ ਸੁਣਦਿਆਂ** ਇਸ ਵਿਗੋਚੇ ਬਾਰੇ ਹੈ।) ਅਪਣੀ ਬੋਲੀ ਦੇ ਇੰਜ ਅਲੋਪ ਹੋਣ ਦੀ ਪਰੇਸ਼ਾਨੀ, ਉਹ ਮੌਨ ਜੋ ਅਪਣੀ ਬੋਲੀ ਬੋਲ-ਸੁਣ ਨਾ ਸਕਣ 'ਤੇ ਭੋਗਣਾ ਪੈਂਦਾ ਹੈ; ਸਿਮਰਤੀ ਵਿਚ ਨਿਤ ਆਖੇ-ਸੁਣੇ ਬੋਲਾਂ ਦੇ ਉਨ੍ਹਾਂ ਅਰਥਾਂ ਨੂੰ ਉਜਾਗਰ ਕਰਨ ਲਗਦਾ ਹੈ, ਜਿਹਨੂੰ ਅਸੀਂ ਨਿਤ ਦੀ ਜ਼ਿੰਦਗੀ ਚ ਅਵੇਸਲੇ ਹੀ ਅਣਡਿੱਠ ਕਰਦੇ ਰਹਿੰਦੇ ਹਾਂ। ਰੂਸੀ ਚਿੰਤਕ ਸ਼ਕਲੋਵਸਕੀ ਨੇ ਲਿਖਿਆ ਸੀ - ਜਿਵੇਂ ਸਮੁੰਦਰ ਕੰਢੇ ਰਹਿੰਦੇ ਲੋਕ ਸਮੁੰਦਰ ਦੀਆਂ ਛੱਲਾਂ ਨਹੀਂ ਸੁਣਦੇ, ਉਵੇਂ ਹੀ ਅਸੀਂ ਅਪਣੇ ਹੀ ਉਚਾਰੇ ਬੋਲ ਨਹੀਂ ਸੁਣਦੇ। - ਅਸੀਂ ਇਕ ਦੂਜੇ ਵਲ ਝਾਕਦੇ ਹਾਂ, ਇਕ ਦੂਜੇ ਨੂੰ ਦੇਖਦੇ ਨਹੀਂ। ਦੁਨੀਆ ਦਾ ਦੀਦਾਰ ਨਹੀਂ ਕਰਦੇ, ਬਸ ਝਾਕੀ ਜਾਂਦੇ ਹਾਂ।

ਚੰਦਨ ਦੀ ਨਵੀਂ ਕਵਿਤਾ ਦੀ ਸਿਰਜਣੇਈ ਸ਼ਕਤੀ ਚੁੱਪ ਨੂੰ ਜ਼ਬਾਨ ਦੇਣ ਦੇ ਸੰਘਰਸ਼ ਚੋਂ ਨਿਕਲੀ ਹੈ: ਇਸ ਮੁਲਕ ਵਿਚ ਪਰਦੇਸੀ ਅਪਣੀ ਬੋਲੀ ਵਿਚ ਚੁੱਪ ਹੁੰਦਾ ਹੈ/ ਚੁੱਪ ਰਹਿੰਦਾ ਹੈ/ ਚੁੱਪ ਹੋ ਜਾਂਦਾ ਹੈ// ਹਵਾ ਉਹਦੀ ਚੁੱਪ ਦਾ ਅੰਗਰੇਜ਼ੀ ਵਿਚ ਤਰਜਮਾ ਕਰਦੀ ਹੈ...।

ਨਿਸ਼ਬਦ ਚੁੱਪ ਐਸੇ ਖ਼ਾਲੀਪਨ ਦਾ ਅਹਿਸਾਸ ਹੈ, ਜਿਹੜਾ ਸਾਨੂੰ ਦੋ ਹਾਲਤਾਂ ਵਿਚ ਲੈ ਜਾ ਸਕਦਾ ਹੈ। ਪਹਿਲੀ ਕਿਸਮ ਦੀ ਬੇਲਫ਼ਜ਼ੀ ਦੀ ਹਾਲਤ ਭਾਸ਼ਾ ਦੀ ਹੋਂਦ ਕਾਰਣ ਭਾਸ਼ਾ ਵਿਚ ਹੀ ਮਹਿਸੂਸ ਹੁੰਦੀ ਹੈ। ਲਫ਼ਜ਼ ਸਾਡੇ ਸਾਹਮਣੇ ਹੁੰਦੇ ਹਨ; ਇਕ ਦੂਜੇ ਨਾਲ਼ ਜੁੜੇ ਹੋਏ, ਅਪਣੇ ਅਰਥ-ਸੰਬੰਧਾਂ ਵਿਚ ਰਚੇਮਿਚੇ, ਏਨੇ ਗਡਮਡ ਕਿ ਸਾਨੂੰ ਸਮਝ ਆ ਰਹੇ ਅਰਥਾਂ ਨੂੰ ਦੂਜਿਆਂ ਤਕ ਪਹੁੰਚਾਣ ਚ ਮਦਦ ਨਹੀਂ ਕਰਦੇ। ਬੇਲਫ਼ਜ਼ੀ ਦੀ ਦੂਜੀ ਹਾਲਤ ਭਾਸ਼ਾ ਤੋਂ ਬਾਹਰ ਆਉਣ ਦੀ ਹੈ। ਅਨਾਦਿ ਤੇ ਅਨੰਤ ਦੇ ਰਹੱਸ ਅਪਣੇ ਮੌਨ ਰਾਹੀਂ ਸਾਡੇ ਸਾਹਮਣੇ ਉਜਾਗਰ ਹੁੰਦੇ ਹਨ। ਪਰ ਇਹ ਅਨੁਭਵ ਮੌਨ ਹੁੰਦਾ ਹੈ। ਅਨੁਭਵ ਦੀ ਇਹ ਚੁੱਪ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਦੀ ਚੁੱਪ ਹੁੰਦੀ ਹੈ। ਅਖੌਤੀ ਬੇਜਾਨ ਵਸਤਾਂ ਤੇ ਸਥਿਤੀਆਂ ਵਾਰ-ਵਾਰ ਸਾਡੇ ਸਾਹਮਣੇ ਪ੍ਰਗਟ ਹੁੰਦੀਆਂ ਹਨ - ਅਪਣੇ ਸੰਪੂਰਨ ਮੌਨ ਵਿਚ - ਵਗਦੇ ਪਾਣੀ ਚ ਟਿਕਿਆ ਪੱਥਰ ਜਾਂ ਪੱਥਰਾਂ ਚੋਂ ਵਗਦਾ ਪਾਣੀ, ਬਰਸਦਾ ਚਾਨਣ ਜਾਂ ਆਕਾਸ਼ ਦੀ ਪੌੜੀ ਉਤਰਦੀ ਰਾਤ, ਉੜ ਰਹੇ ਰੰਗ, ਘੁੰਮਦੀ ਭੰਬੀਰੀ, ਕਾਗ਼ਜ਼ 'ਤੇ ਸੁੱਕਦੀ ਸਿਆਹੀ, ਤੰਦ ਨਾਲ਼ ਜੁੜਦੀ ਤੰਦ। ਅਸੀਂ ਇਨ੍ਹਾਂ ਅਨੁਭਵਾਂ ਦੀ ਤਰਲਤਾ ਨੂੰ ਬਿਆਨ ਕਰਨ ਚ ਅਪਣੇ ਆਪ ਨੂੰ ਅਸਮਰੱਥ ਮਹਿਸੂਸ ਕਰਦੇ ਹਾਂ। ਬੰਦੇ ਦੀ ਲਾਲਸਾ ਤਾਂ ਇਹੀ ਹੈ ਕਿ ਉਹ ਅਪਣੀ ਦੁਨੀਆ ਨੂੰ, ਅਪਣੇ ਅਨੁਭਵਾਂ ਨੂੰ ਨਾਂ ਦੇ ਸਕੇ, ਲਫ਼ਜ਼ਾਂ ਰਾਹੀਂ ਪਛਾਣ ਸਕੇ। ਇਕ ਚੁੱਪ ਤਾਂ ਬੋਲਣ ਤੋਂ ਪਹਿਲਾਂ ਦੀ ਹੁੰਦੀ ਹੈ ਅਤੇ ਦੂਜੀ ਅਪਣੇ ਅਨੁਭਵ, ਅਪਣੀ ਗੱਲ ਕਹਣ ਦੀ ਕੋਸ਼ਿਸ਼ ਦੇ ਬਾਅਦ ਦੀ। ਚੰਦਨ ਨੇ ਇਹ ਦੋਹਵੇਂ ਕਿਸਮ ਦੀ ਚੁੱਪ ਜੀਵੀ ਹੈ, ਇਨ੍ਹਾਂ ਦੋਹਵਾਂ ਹਾਲਤਾਂ ਨੂੰ ਪਛਾਣ ਕੇ ਅਪਣੀ

ਕਵਿਤਾ ਚ ਉਤਾਰਿਆ ਹੈ। ਇਸ ਮੌਨ ਨੂੰ ਤੋੜਨ ਲਈ ਉਹਨੇ ਮਾਂ ਬੋਲੀ ਤੇ ਪੰਜਾਬੀ ਵਿਰਸੇ ਚੋਂ ਸ਼ਬਦਾਂ, ਲੋਕਗੀਤਾਂ, ਰੂਪਕਾਂ ਤੇ ਅਲੰਕਾਰਾਂ ਨੂੰ ਇਜੇਹੇ ਨਵੇਕਲੇ ਅਰਥਾਂ ਚ ਪਛਾਣਿਆ ਹੈ, ਜਿਹੜੇ ਸਾਨੂੰ ਅਪਣੀ ਬੋਲੀ ਤੋਂ ਨਿੱਖੜੇ ਨਾ ਹੋਣ ਦੇ ਭਰਮ ਕਰਕੇ ਅਪਣੇ ਪਰਿਵੇਸ਼ ਚ ਨਜ਼ਰ ਨਹੀਂ ਆਉਂਦੇ।

ਚੰਦਨ ਦੀ ਕਵਿਤਾ ਸਾਨੂੰ ਅਪਣਾ ਥਾਂ-ਟਿਕਾਣਾ ਪਛਾਨਣ, ਅਪਣੇ ਆਲ਼ੇਦੁਆਲ਼ੇ ਨੂੰ ਸਮਝਣ, ਵਸਤਾਂ ਸਥਿਤੀਆਂ ਨਾਲ਼ ਅਪਣਾ ਰਿਸ਼ਤਾ ਸਪੱਸ਼ਟ ਕਰਨ ਦੇ ਸਮਰੱਥ ਬਣਾਉਂਦੀ ਹੈ। ਭਾਸ਼ਾ ਦੀਆਂ ਹੱਦਾਂ ਤੋਂ ਬਾਹਰਲਾ ਅਨੁਭਵ ਅਵਾਰਾ ਅਹਿਸਾਸ ਜਿਹਾ ਜਾਪਦਾ ਹੈ; ਜੋ ਓਪਰਾ ਹੈ, ਸਾਡਾ ਅਪਣਾ ਨਹੀਂ ਹੈ। ਚੰਦਨ ਨੇ ਇਨ੍ਹਾਂ ਯਾਯਾਵਰੀ ਪਰਵਾਸੀ ਅਨੁਭਵਾਂ ਨੂੰ ਅਪਣਾ ਬਣਾ ਕੇ ਸਾਡੇ ਨੇੜੇ ਲਿਆਉਣ ਦਾ ਉਪਰਾਲਾ ਕਰਦਿਆਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਦੁਨੀਆ ਹਾਸਲ ਭਾਵੇਂ ਲਫ਼ਜ਼ਾਂ ਰਾਹੀਂ ਹੁੰਦੀ ਹੈ, ਪਰ ਰਹਿੰਦੀ ਹਮੇਸ਼ਾ ਲਫ਼ਜ਼ਾਂ ਤੋਂ ਪਰ੍ਹਾਂ ਤੇ ਬਾਹਰ ਹੀ ਹੈ। (ਇਹਦਾ ਵੇਰਵਾ ਇਸ ਕਿਤਾਬ ਦੀਆਂ ਸ਼ਬਦ ਲੜੀ ਦੀਆਂ ਕਵਿਤਾਵਾਂ ਵਿਚ ਹੈ, ਜੋ ਚੁੱਪ ਤੋਂ ਲੈ ਕੇ ਅਖੌਤੀ ਨਾਂ ਦੀ ਕਵਿਤਾ ਤਕ ਹੈ)। ਹੋਂਦ, ਅਨੁਭਵ ਤੇ ਭਾਸ਼ਾ ਦਾ ਇਹ ਵਿਲੱਖਣ ਸੰਬੰਧ ਚੰਦਨ ਦੀ ਕਵਿਤਾ ਦਾ ਕੇਂਦਰੀ ਬਿੰਦੂ ਹੈ। ਹੋਂਦ ਦੀ ਅਨਾਮਤਾ, ਸਵੈ-ਪਛਾਣ ਦੇ ਸੰਘਰਸ਼ ਦੀ ਯਾਤਨਾ, ਬੇਲਫ਼ਜ਼ੇ ਹੋਣ ਦੇ ਜ਼ਖ਼ਮ, ਗੁਆਚ ਜਾਣ ਦਾ ਖ਼ਦਸ਼ਾ, ਪਛਾਣ ਕਰਕੇ ਪਛਾਣੇ ਜਾਣ ’ਤੇ ਕਾਬੂ ਆ ਜਾਣ ਦਾ ਆਤੰਕ ਤੇ ਸ਼ਕਤੀ ਦਾ ਅਹਿਸਾਸ, ਉਹ ਜਿਨ੍ਹਾਂ ਨੂੰ ਅਸੀਂ ਮਿਲ ਨਾ ਸਕੇ, ਉਹ ਜੋ ਸਾਨੂੰ ਲਭ ਨਾ ਸਕੇ, ਉਹ ਜਿਹੜੇ ਅਪਣੇ ਵੇਲੇ ਤੋਂ ਪਹਿਲਾਂ ਹੀ ਚਲੇ ਗਏ, ਉਹ ਜਿਹੜੇ ਵੇਲੇ ਤੋਂ ਪਹਿਲਾਂ ਹੀ ਆ ਗਏ, ਬੀਤ ਗਿਆ ਸੱਚ ਅਤੇ ਅਜੇ ਨਾ ਵਾਪਰਿਆ ਸੱਚ, ਸਵੇਰੇ ਜਾਗਣ ਦੇ ਪਹਿਲੇ ਪਲ ਤੋਂ ਲੈ ਕੇ ਰਾਤ ਦੇ ਅੰਤਿਮ ਕਰਮ ਤਕ - ਸਾਡੀ ਨਿਤ ਦੀ ਜ਼ਿੰਦਗੀ ਚ ਏਨਾ ਕੁਝ ਵਾਪਰਦਾ ਹੈ, ਜਿਸਨੂੰ ਸਾਂਭ ਕੇ ਰਖਣ ਦਾ ਵਲ ਸਾਨੂੰ ਸਾਰਿਆਂ ਨੂੰ ਨਹੀਂ ਆਉਂਦਾ। ਸ਼ਾਇਦ ਇਸ ਕਰਕੇ ਕਿ ਉਹ ਸਹਿਜ ਹੀ ਆਪ-ਮੁਹਾਰੇ ਸਾਨੂੰ ਲਭ ਜਾਂਦਾ ਹੈ - ਰਾਹ ਚ ਪਏ ਕਿਸੇ ਖ਼ਜ਼ਾਨੇ ਵਾਂਙ। ਸੌਖਿਆਂ ਲੱਭੇ ਹੋਣ ਕਰਕੇ ਇਹ ਸਾਡੇ ਕੋਲ਼ ਟਿਕਦਾ ਨਹੀਂ; ਲਭਦਾ ਤੇ ਗੁਆਚਦਾ ਰਹਿੰਦਾ ਹੈ ਤੇ ਅਸੀਂ ਵਿਸਰ ਜਾਂਦੇ ਹਾਂ। ਪਰ ਚੰਦਨ ਨੇ ਇਹ ਖ਼ਜ਼ਾਨਾ ਬੜੀਆਂ ਔਕੜਾਂ ਨਾਲ਼ ਲੱਭਿਆ ਤੇ ਸਾਂਭ ਕੇ ਸਾਡੇ ਨਾਲ਼ ਸਾਂਝਾ ਕੀਤਾ ਹੈ। ਇਹਦੀਆਂ ਕਵਿਤਾਵਾਂ ਸਿਮਰਤੀ ਤੇ ਕਲਪਨਾ ਦੇ ਨਵੇਂ ਪ੍ਰਯੋਗ ਹਨ। ਇਕ ਪਾਸੇ ਅਪਣੇ ਪੁਰਖੇ ਧਰੇਜੇ ਰਾਹੀਂ ਚੰਦਨ ਅਪਣੇ ਪਿਛੋਕੜ ਚ ਪਰਤਦਾ ਹੈ ਤੇ ਨਕਸਲੀ ਦਿਨਾਂ ਦੀ ਭੁੱਲ ਦਾ ਪਛਤਾਵਾ ਕਰਦਾ ਹੈ: ਧਰੇਜਾ ਭਾਂਡੇ ਘੜ-ਘੜ ਰਖਦਾ/ ਇਕ ਦਿਨ ਅਪਣੇ ਆਪ ਨੂੰ ਰੱਬ ਸਮਝ ਬੈਠਾ/ ਉਹ ਭੁੱਲ ਕੇ ਬਹੁਤ ਪਛਤਾਇਆ/ ਕਿ ਅਪਣੇ ਆਪ ਨੂੰ ਰੱਬ ਨਹੀਂ ਸਮਝੀਦਾ/ ਕਿਉਂਕਿ ਬੰਦੇ ਨੂੰ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਆਉਂਦਾ/ ਉਹ ਤਾਂ ਠੀਕਰੀ ਉੱਤੇ ਲਿਸ਼ਕਦਾ ਰੇਤੇ ਦਾ ਕਿਣਕਾ ਹੈ ਬਸ । (*ਜੜ੍ਹਾਂ* ਸਫ਼ਾ 15) ਤੇ ਦੂਜੇ ਪਾਸੇ **ਕਲਾਮ ਵਲੈਤੀ ਮੁੰਡੇ ਦਾ ਅਪਣੇ ਬਾਪ ਨਾਲ਼** (*ਜੜ੍ਹਾਂ* ਸਫ਼ਾ 85) ਕਵਿਤਾ ਵਿਚ ਭਵਿੱਖ ਵਾਲ਼ੇ ਪਾਸਿਓਂ ਅਪਣੇ ਵਰਤਮਾਨ ਨਾਲ਼ ਗੱਲਾਂ ਕਰਦਾ ਹੈ। ਅਕਸਰ ਸਾਡੀ ਕਲਪਨਾ ਜਾਂ ਪਿੱਛਾਂਹਮੁਖੀ ਜਾਂ ਅਗਾਂਹਮੁਖੀ ਹੁੰਦੀ ਹੈ। ਚੰਦਨ ਨੇ ਛੰਨੇ ਦੀਆਂ ਕਵਿਤਾਵਾਂ **ਮਾਂ ਦਾ ਵਿਆਹ** ਤੇ **ਮੇਰਾ ਸੁਪਨਾ** ਵਿਚ ਤਿੰਨ ਕਾਲਾਂ ਨੂੰ ਬੜੇ ਹੀ ਨਵੇਕਲੇ ਢੰਗ ਨਾਲ਼ ਮਨੁੱਖੀ ਹੋਂਦ ਦੀ ਨਿਰੰਤਰਤਾ ਨਾਲ਼ ਜੋੜਿਆ ਹੈ। ਦੇਹ ਤੇ ਇੰਦਰੀਆਂ ਦੇ ਛੋਟੇ ਛੋਟੇ ਸੁੱਖ ਸਾਡੀ ਹੋਂਦ ਦਾ ਆਧਾਰ ਤਾਂ ਹਨ ਹੀ, ਇਹ ਸਾਡੀ ਹੋਂਦ ਨੂੰ ਨਵੇਂ ਅਰਥ ਵੀ ਦਿੰਦੇ ਹਨ। ਚਾਨਣ ਦੇ ਇਹ ਖਿਣ ਮਨੁੱਖੀ ਜੀਵਨ ਨੂੰ ਨਿਰੰਤਰਤਾ ਤੇ ਸਾਨੂੰ ਤਸੱਲੀ ਤੇ ਰਚਨਾਤਮਕ ਤਾਕਤ ਬਖ਼ਸ਼ਦੇ ਹਨ। ਖੱਬੇਪੱਖੀ ਤੇ ਅਧਿਆਤਮਕ ਆਲੋਚਕਾਂ ਨੂੰ *ਜੜ੍ਹਾਂ* ਕਿਤਾਬ ਵਿੱਚੋਂ **ਨਾਚ**, **ਤੂੰ ਮੈਨੂੰ ਪਹਿਨ ਲੈ**, **ਭੋਗਾਵਸਥਾ ਵੇਲੇ**, **ਤ੍ਰਿਕਾਲ ਸੰਧਯਾ**, **ਅਪਣੇ ਕਪੜੇ**, **ਸੌਣ ਤੋਂ ਪਹਿਲਾਂ ਅਰਦਾਸ**; *ਬੀਜਕ* ਵਿੱਚੋਂ **ਰਾਤ ਕਥੂਰੀ**, **ਅਸੀਂ**, **ਜਾਣੇ ਅਣਜਾਣੇ** ਅਤੇ ਇਸ ਕਿਤਾਬ ਵਿੱਚੋਂ **…ਮਾਲੀ ਹੁੱਝ ਮਾਰ ਕੇ ਉੱਠਿਆ**, **ਮੁਲਾਕਾਤ** ਅਤੇ **ਤੋਤੋ** ਵਰਗੀਆਂ ਕਵਿਤਾਵਾਂ ਦੀ ਖ਼ੂਬਸੂਰਤੀ ਨੂੰ ਪਛਾਨਣ ਤੇ ਸਮਝਣ ਲਈ ਅਪਣੇ ਅਪਣੇ ਅਖੌਤੀ ਅੰਤਿਮ ਸੱਚ ਦੀ ਕੈਦ ਤੋਂ ਮੁਕਤ ਹੋ ਕੇ ਜ਼ਿੰਦਗੀ ਦੇ ਜਸ਼ਨ ਵਿਚ ਸ਼ਰੀਕ ਹੋਣ ਲਈ ਉਪਰਾ਼ਲਾ ਕਰਨਾ ਪਵੇਗਾ।

ਮੈਂ ਫ਼ਲਸਫ਼ੇ ਦਾ ਵਿਦਿਆਰਥੀ ਹਾਂ। ਮੈਂ ਵੀ ਕਦੇ ਕਵੀ-ਮਿਤ੍ਰਾਂ ਦੇ ਕਹਿਣ ਵਾਂਙ ‘ਬੌਧਿਕ, ਅਮੂਰਤ ਤੇ ਜਟਿਲ’ ਕਵਿਤਾ ਲਿਖਦਾ ਹੁੰਦਾ ਸੀ। ਅਫ਼ਲਾਤੂਨ ਦੇ ਵੇਲੇ ਤੋਂ ਇਹੀ ਕਿਹਾ ਜਾਂਦਾ ਰਿਹਾ ਹੈ ਕਿ ਫ਼ਲਸਫ਼ੇ ਤੇ ਕਵਿਤਾ ਦੀ ਆਪੋ ਵਿਚ ਨਿਭਦੀ ਨਹੀਂ। ਮਿਤ੍ਰਾਂ ਨੇ ਮੈਨੂੰ ਵੀ ਇਹੀ ਗੱਲ ਸਮਝਾਈ। ਹੁਣ ਇਹ ਸੁਖਾਵਾਂ ਸੰਜੋਗ ਹੈ ਕਿ ਭਾਸ਼ਾ ਦੀਆਂ ਹੱਦਾਂ ਤੇ ਭਾਸ਼ਾਮੁਕਤ ਹੋਂਦ ਦੀ ਚੁੱਪ ਨੂੰ ਅਪਣੀ ਕਵਿਤਾ ਰਾਹੀਂ ਪਛਾਨਣ ਵਾਲ਼ੇ ਕਵੀ-ਮਿਤ੍ਰ ਅਮਰਜੀਤ ਚੰਦਨ ਨੇ ਅਪਣੀ ਕਵਿਤਾ ਦਾ ਦਾਰਸ਼ਨਿਕ ਪਾਠ ਕਰਨ ਦਾ ਮੈਨੂੰ ਮੌਕਾ ਦਿੱਤਾ ਹੈ। ਮੇਰੇ ਲਈ, ਚੰਦਨ ਲਈ ਤੇ ਸਭ ਤੋਂ ਵਧ ਕੇ ਸਾਡੀ ਮਾਂ ਬੋਲੀ ਲਈ ਬੜੀ ਸ਼ੁਭ ਗੱਲ ਹੈ ਕਿ ਇਹ ਪਾਠ ਮੈਂ ਲਿਵਰਪੂਲ ਯੂਨੀਵਰਸਿਟੀ ਦੇ ਫ਼ਲਸਫ਼ੇ ਦੇ ਰੀਸਰਚ ਸੈਮੀਨਾਰ ਵਿਚ ਅਪਣੇ ਸਹਕਰਮੀ ਅਧਿਆਪਕਾਂ, ਰੀਸਰਚ ਸਕੌਲਰਾਂ ਤੇ ਵਿਦਿਆਰਥੀਆਂ ਨਾਲ਼ ਰਲ਼ ਕੇ ਕੀਤਾ।

ਦਾਰਸ਼ਨਿਕਾਂ ਨੇ ਵਿਵੇਕ ਤੇ ਤਰਕ ਪੱਖੋਂ ਭਾਸ਼ਾ ਦੀਆਂ ਹੱਦਾਂ ਦੀ ਨਿਸ਼ਾਨਦੇਹੀ ਕਰਨ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਹੈ। ਹੋਂਦ, ਵਿਚਾਰ, ਭਾਸ਼ਾ, ਅਰਥ, ਸੱਚ, ਗਿਆਨ-ਅਗਿਆਨ, ਯਥਾਰਥ-ਮਾਇਆ, ਦੇਸ਼-ਕਾਲ, ਭੂਤ ਭਵਿਖ ਵਰਤਮਾਨ, ਅਨਾਦਿ-ਅਨੰਤ, ਸਵੈ-ਪਰ, ਏਕ-ਅਨੇਕ, ਸਥਿਰ-ਅਸਥਿਰ, ਹੱਦ-ਅਣਹੱਦ ਆਦਿ ਦੇ ਮਸਲ੍ਹੇ ਦਾਰਸ਼ਨਿਕ ਚਿੰਤਨ ਦੇ ਮੁੱਖ ਮਸਲ੍ਹੇ ਰਹੇ ਹਨ। ਪਰ ਮਨੁੱਖੀ ਜੀਵਨ ਨਿਰਾ ਵਿਵੇਕ ਜਾਂ ਤਰਕ ਦਾ ਜੀਵਨ ਨਹੀਂ ਹੈ। ਇਸ ਵਿਚ ਅਗਿਆਨ, ਵਿਵੇਕਹੀਨਤਾ, ਅਨਿਸ਼ਚਯ, ਸਿਮਰਤੀ ਤੇ ਕਲਪਨਾ ਦੀ ਵੀ ਅਪਣੀ ਭੂਮਿਕਾ ਹੈ। ਦਾਰਸ਼ਨਿਕ ਇਨ੍ਹਾਂ ਪੱਖਾਂ ਦੀ ਗੱਲ

ਕਰਦਿਆਂ ਵੀ ਵਿਵੇਕ ਤੇ ਤਰਕ ਨੂੰ ਪ੍ਰਮੁੱਖਤਾ ਦਿੰਦੇ ਰਹੇ ਹਨ। ਸ਼ਾਇਦ ਇਸੇ ਕਰਕੇ ਫ਼ਲਸਫ਼ੇ ਤੇ ਕਵਿਤਾ ਦੀ ਆਪੋ 'ਚ ਤਣੀ ਰਹੀ ਹੈ। ਚੰਦਨ ਦੀਆਂ ਕਵਿਤਾਵਾਂ ਪੜ੍ਹਦਿਆਂ ਮੈਨੂੰ ਇੰਜ ਲੱਗਿਆ ਜਿਵੇਂ ਉਹਨੇ ਜ਼ਿੰਦਗੀ ਦੇ ਦਾਰਸ਼ਨਿਕ ਮਸਲ੍ਹਿਆਂ ਨੂੰ ਅਮੂਰਤ ਸਿਧਾਤਾਂ ਤੋਂ ਹਟ ਕੇ ਅਗਾਂਹ ਜਾ ਕੇ, ਪਰਵਾਸੀ ਮਾਨਸਿਕਤਾ ਦੀਆਂ ਉਲਝਣਾਂ ਦੇ ਸਜਿੰਦ ਪ੍ਰਸੰਗ ਵਿਚ ਅਪਣੀ ਸਵੈ-ਪਛਾਣ ਬਣਾਉਣ-ਬਚਾਉਣ ਲਈ ਬੜੇ ਹੀ ਨਵੇਕਲੇ ਕਾਵਿ ਬਿੰਬਾਂ ਰਾਹੀਂ ਛੁਹਿਆ ਤੇ ਪ੍ਰਗਟਾਇਆ ਹੈ। ਅਨਾਦਿ-ਅਨੰਤ, ਵਿਸ਼ਵ, ਸੰਸਕ੍ਰਿਤੀ, ਭਾਸ਼ਾ ਤੇ ਨਿਜੀ ਹੋਂਦ ਵਿਚਲੇ ਅਣਬੁੱਝ ਰਿਸ਼ਤਿਆਂ ਦੇ ਰਹੱਸਯ ਬਾਰੇ ਇਸ ਸਵੈ-ਸੰਵਾਦ ਵਿਚ ਚੰਦਨ ਦੀ ਕਾਵਿ ਪ੍ਰਤਿਭਾ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ਼ ਉਜਾਗਰ ਹੋਈ ਹੈ। ਇਸ ਸਫਲਤਾ ਦਾ ਇਕ ਭੇਤ ਇਹ ਵੀ ਹੈ ਕਿ ਸਵੈ-ਪਛਾਣ ਨੂੰ ਖੋਜਦਿਆਂ ਮਾਰਕਸਵਾਦੀ ਪਿਛੋਕੜ ਦੇ ਬਾਵਜੂਦ ਚੰਦਨ ਨੇ ਪੰਜਾਬੀ ਵਿਰਸੇ ਦੇ ਦੋ ਵੱਡੇ ਸੋਮਿਆਂ ਸੂਫ਼ੀਬਾਣੀ ਤੇ ਗੁਰਬਾਣੀ ਨੂੰ ਸਮਕਾਲੀ ਭਾਸ਼ਾ-ਦਰਸ਼ਨ ਦੀ ਦ੍ਰਿਸ਼ਟੀ ਤੋਂ ਸਮਝ ਕੇ ਅਪਣਾਇਆ ਹੈ। ਹੱਦ ਦਾ ਪਤਾ ਹੱਦ ਪਾਰ ਕਰਕੇ ਹੀ ਲਗਦਾ ਹੁੰਦਾ ਹੈ ਤੇ ਅਣਹੱਦ ਦੀ ਚੁੱਪ ਨਾਲ਼ ਇਕ ਹੋ ਕੇ ਚੰਦਨ ਨੇ ਪੰਜਾਬੀ ਕਵਿਤਾ ਦੀਆਂ ਹੱਦਾਂ ਦਾ ਵਿਸਤਾਰ ਕੀਤਾ ਹੈ। ਇਸ ਵਿਸਤਾਰ ਦੇ ਨਾਲ਼ ਨਾਲ਼ ਫ਼ਲਸਫ਼ੇ ਤੇ ਕਵਿਤਾ ਵਿਚਾਲੇ ਪਾਈ ਗਈ ਅਫ਼ਲਾਤੂਨੀ ਹੱਦਬੰਦੀ ਨੂੰ ਵੀ ਤੋੜਿਆ ਹੈ।

ਚੰਦਨ ਦੀ ਸ਼ਖ਼ਸੀਅਤ ਦੇ ਖ਼ਾਸ ਪੱਖ ਨਾਲ਼ ਉਹਦੇ ਕਰੀਬੀ ਬੜੀ ਚੰਗੀ ਤਰ੍ਹਾਂ ਵਾਕਿਫ਼ ਹਨ। ਅਪਣੇ ਦੁਆਲ਼ੇ ਵਾਪਰ ਰਹੀਆਂ ਘਟਨਾਵਾਂ ਤੇ ਬਦਲ ਰਹੀਆਂ ਸਥਿਤੀਆਂ ਨੂੰ ਚੰਦਨ ਸ਼ਿੱਦਤ ਨਾਲ਼ ਮਹਿਸੂਸ ਕਰਦਾ ਹੈ ਤੇ ਪੂਰੀ ਡੂੰਘਾਈ ਤਾਈਂ ਘੋਖਦਾ ਹੈ। ਤਤਕਾਲਿਕ ਤਬਸਰਾ ਕਰਨੋਂ ਉਹ ਅਕਸਰ ਗੁਰੇਜ਼ ਕਰਦਾ ਹੈ। ਪਰ ਜਦੋਂ ਸਬਰ ਦਾ ਪਿਆਲਾ ਭਰ ਜਾਂਦਾ ਹੈ, ਤਾਂ ਉਹ ਕਿਸੇ ਇਜੇਹੀ ਘਟਨਾ ਜਾਂ ਸਥਿਤੀ ਕਰਕੇ ਅਚਾਨਕ ਫਟ ਸਕਦਾ ਹੈ ਕਿ ਦੂਜਿਆਂ ਲਈ ਉਸ ਵਿਸਫੋਟ ਦੇ ਅਰਥ ਤੇ ਕਾਰਣ ਲਭਣੇ ਔਖੇ ਹੋ ਜਾਂਦੇ ਹਨ। ਚੰਦਨ ਦੇ ਨਿਤ ਦੇ ਸਵੈ ਤੇ ਸਦੀਵੀ ਸਵੈ - ਦੋਹਵਾਂ ਦੇ ਵਿਸਫੋਟ ਮੈਂ ਪਹਿਲਾਂ ਵੀ ਦੇਖੇ ਤੇ ਹੁਣ ਵੀ ਦੇਖ ਰਿਹਾ ਹਾਂ। ਅਪਣੇ ਪ੍ਰਚੰਡ ਰੂਪ ਵਿਚ ਸਾਡਾ ਰਿਸ਼ਤਾ ਸਾਰੀ ਕਾਇਨਾਤ ਨਾਲ਼ ਜੋੜਦਿਆਂ ਅੱਜ ਚੰਦਨ ਦਾ ਸਦੀਵੀ ਸਵੈ ਇਸ ਦਾ ਪ੍ਰਮਾਣ ਹੈ ਕਿ ਅਨਾਦਿ-ਅਨੰਤ ਨਾਲ਼ ਤੰਦ ਜੋੜਨ ਲਈ ਕਿਸੇ ਸੰਸਥਾਈ ਦੈਵਿਕ ਆਸਰੇ ਦੀ ਭਾਲ਼ ਦੀ ਥਾਂ ਮਨੁੱਖੀ ਚੇਤਨਾ ਦੇ ਰੂਹਾਨੀ ਪੱਖ ਦੇ ਵਿਸਤਾਰ ਨੂੰ ਪਛਾਨਣ ਦੀ ਲੋੜ ਹੈ। ਨਿਤ ਦੇ ਜੀਵਨ ਵਿਚ ਸਾਡਾ ਵਾਹ ਲਫ਼ਜ਼ਾਂ ਨਾਲ਼ ਨਹੀਂ; ਸਗੋਂ ਵਸਤਾਂ, ਸਥਿਤੀਆਂ ਤੇ ਘਟਨਾਵਾਂ ਨਾਲ਼ ਪੈਂਦਾ ਹੈ। ਜਦ ਵੀ ਅਸੀਂ ਦੁਨੀਆਂ ਵਲ ਝਾਕਦੇ ਹਾਂ, ਤਾਂ ਸਾਨੂੰ ਲਫ਼ਜ਼ ਨਹੀਂ, ਸ਼ੈਆਂ ਨਜ਼ਰ ਆਉਂਦੀਆਂ ਹਨ। ਪਰ ਬਿਨਾਂ ਮਾਂ ਬੋਲੀ ਦੇ ਇਨ੍ਹਾਂ ਸ਼ੈਆਂ, ਸਥਿਤੀਆਂ ਦੇ ਅਨੁਭਵ ਸਾਡੇ ਲਈ ਓਹੋ ਨਹੀਂ ਹੁੰਦੇ, ਜਾਂ ਹੋ ਨਹੀਂ ਸਕਦੇ, ਜਿਹੜਾ ਵਾਸਤਾ ਮਾਂ ਬੋਲੀ ਦੀ ਮਾਰਫ਼ਤ ਬਣਦਾ ਹੈ। ਅਪਣੀ ਮਾਂ ਬੋਲੀ ਵਿਚ ਵਸਤਾਂ ਤੇ ਸਥਿਤੀਆਂ ਦੇ ਨਾਂ ਵੀ ਵੱਖਰੇ ਹੁੰਦੇ ਹਨ ਤੇ ਉਨ੍ਹਾਂ ਦੇ ਪ੍ਰਸੰਗ ਤੇ ਸਿਮਰਤੀਆਂ ਵੀ। ਮਾਂ ਬੋਲੀ ਪੰਜਾਬੀ ਦੇ ਇਸ ਵਿਸ਼ਿਸ਼ਟ ਪ੍ਰਸੰਗ ਨੂੰ ਸਿਮਰਦਿਆਂ ਅਮਰਜੀਤ ਚੰਦਨ ਦੀ ਕਵਿਤਾ ਪ੍ਰਯੋਗਵਾਦ, ਪ੍ਰਗਤੀਵਾਦ ਤੇ ਅਧਿਆਤਮਵਾਦ ਦੀਆਂ ਬਣਾਈਆਂ ਹੱਦਾਂ ਨੂੰ ਪਾਰ ਕਰਦੀ ਉਸ ਸਦੀਵੀ ਹੋਂਦ ਨਾਲ਼ ਆ ਜੁੜੀ ਹੈ, ਜਿਹੜੀ ਸਾਡੀਆਂ ਭਾਸ਼ਾਵਾਂ ਤੇ ਵਿਸ਼ਵਾਸਾਂ ਤੋਂ ਸੁੰਤਤਰ ਵਿਚਰਦੀ ਹੈ। ਜੰਮਦੇ ਸਾਰ ਸ਼ਾਇਦ ਦੁਨੀਆ ਨਾਲ਼ ਸਾਡਾ ਵਾਸਤਾ ਜਾਂ ਰਿਸ਼ਤਾ ਕੁਝ ਇਜੇਹਾ ਹੀ ਹੁੰਦਾ ਹੈ। ਸਾਡੀ ਹੋਂਦ ਦੀ ਇਹ ਪਹਿਲੀ ਅਵਸਥਾ ਸਾਡੀ ਸਿਮਰਤੀ ਦੀ ਦੁਨੀਆ ਤੋਂ ਬਾਹਰ ਹੈ ਅਤੇ ਕਲਪਨਾ ਵਿਚ ਵੀ ਜੇ ਸਾਨੂੰ ਇਸ ਵਲ ਪਰਤਣ ਦੀ ਇਜਾਜ਼ਤ ਨਾ ਹੋਵੇ, ਤਾਂ ਅਸੀਂ ਅਪਣੀ ਭਾਸ਼ਾ ਦੇ ਦਾਅਵੇਦਾਰਾਂ ਦੇ ਅੜਿੱਕਿਆਂ ਨੂੰ ਉਲੰਘੇ ਬਿਨਾਂ ਸੱਚਾਈ ਦੇ ਅਨੰਤ ਰੂਪ ਨਹੀਂ ਦੇਖ ਸਕਦੇ। ਲਫ਼ਜ਼ਾਂ ਤੋਂ ਬਿਨਾਂ ਜ਼ਿੰਦਗੀ ਦਾ ਅਰਥ ਨਹੀਂ ਰਹਿੰਦਾ ਤੇ ਸਾਡੇ ਅਨੁਭਵ ਯਤੀਮ ਜਿਹੇ ਹੋ ਜਾਂਦੇ ਹਨ। ਅਮਰਜੀਤ ਚੰਦਨ ਦੀ ਕਵਿਤਾ ਕਿਸੇ ਅਸਪੱਸ਼ਟ ਰਹੱਸਵਾਦ ਦਾ ਭੰਬਲ਼ਭੂਸਾ ਖੜ੍ਹਾ ਕੀਤੇ ਬਿਨਾਂ ਸਾਡੀ ਚੇਤਨਾ ਨੂੰ ਹੋਂਦ ਦੇ ਮੂਲ ਤੱਤਾਂ ਨਾਲ਼ ਜੋੜਦੀ ਹੈ। ਇਸ ਸਪੱਸ਼ਟਤਾ ਲਈ ਸਾਨੂੰ ਅਮਰਜੀਤ ਦੀ ਸ਼ਲਾਘਾ ਵੀ ਕਰਨੀ ਚਾਹੀਦੀ ਹੈ ਤੇ ਇਹਦਾ ਸ਼ੁਕਰ ਵੀ।

•

[ਲਿਵਰਪੂਲ. 1998



■ ਪ੍ਰੋਫ਼ੈਸਰ ਸਤ੍ਯਪਾਲ ਗੌਤਮ ਜਵਾਹਰ ਲਾਲ ਨਹਿਰੂ ਯੂਨੀਵਰਸਟੀ ਦੇ ਫ਼ਿਲੌਸੋਫ਼ੀ ਡੀਪਾਰਟਮੈਂਟ ਦੇ ਮੁਖੀ ਹਨ। *ਛੰਨਾ* ਕਿਤਾਬ ਦੀ ਇਹ ਆਦਿਕਾ ਲਿਖਣ ਵੇਲੇ ਇਹ ਇੰਗਲੈਂਡ ਦੀ ਲਿਵਰਪੂਲ ਯੂਨੀਵਰਸਿਟੀ ਵਿਚ ਚਾਰਲਸ ਵੈਲੇਸ ਫ਼ੈਲੋ ਸਨ। ■